2024115718

ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰਾਜੈਕਟਰ ਡਾਇਰੈਕਟਰ
ਸਮੱਗਰਾ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)
ਪੀ.ਐਸ.ਈ.ਬੀ. ਕੰਪਲੈਕਸ, ਈ-ਬਲਾਕ, 5ਵੀਂ ਮੰਜਿਲ, ਫੇਜ਼-8, ਐਸ.ਏ.ਐਸ. ਨਗਰ (ਮੋਹਾਲੀ), ਪੰਜਾਬ

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ.)
ਪੰਜਾਬ

R-6
21/11/24

ਮੀਮੋ ਨੰ:DySPD/Plan/2024/298874
ਮਿਤੀ: 21.11.2024

ਵਿਸ਼ਾ: ਭਾਰਤ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ PM SHRI School Scheme ਸਬੰਧੀ।
ਹਵਾਲਾ:- ਭਾਰਤ ਸਰਕਾਰ ਦਾ D.O.No. 1-5/2024-IS.19 Dated 18-11-2024.

1.0 ਉਪਰੋਕਤ ਵਿਸ਼ੇ ਅਤੇ ਹਵਾਲਾ ਪੱਤਰ (ਨਾਲ ਨੱਥੀ) ਸਬੰਧੀ ਦੱਸਿਆ ਜਾਂਦਾ ਹੈ ਕਿ ਭਾਰਤ ਸਰਕਾਰ ਵੱਲੋਂ PM SHRI School Scheme ਸ਼ੁਰੂ ਕੀਤੀ ਗਈ ਹੈ ਜਿਸ ਤਹਿਤ NEP-2020 ਲਾਗੂ ਕਰਨ ਹਿੱਤ ਹਰੇਕ ਬਲਾਕ ਦੇ 2-2 ਸਕੂਲਾਂ (elementary/Secondary/higher secondary) ਦੀ ਚੋਣ ਕੀਤੀ ਜਾਣੀ ਹੈ। ਚੁਣੇ ਗਏ ਸਕੂਲਾ ਵਿੱਚ NEP-2020 ਦੇ ਸਾਰੇ parameters ਲਾਗੂ ਕੀਤੇ ਜਾਣਗੇ ਅਤੇ U-DISE+ ਦੇ ਆਧਾਰ ਤੇ infrastructure gap ਪੂਰੇ ਕਰਨ ਲਈ funding ਕੀਤੀ ਜਾਵੇਗੀ।

2.0 ਭਾਰਤ ਸਰਕਾਰ ਵੱਲੋਂ ਨਿਰਧਾਰਿਤ parameters ਅਨੁਸਾਰ ਪੰਜਾਬ ਰਾਜ ਦੇ 5074 ਸਕੂਲ ਇਸ ਸਕੀਮ ਦੇ 5th ਗੇੜ ਦੀ ਚੌਣ ਪ੍ਰਕ੍ਰਿਆ ਲਈ qualify ਕੀਤੇ ਹਨ। ਭਾਰਤ ਸਰਕਾਰ ਵੱਲੋ ਹਰੇਕ ਬਲਾਕ ਦੇ 2 ਸਕੂਲਾਂ ਦੀ ਚੋਣ challenge mode ਰਾਹੀਂ ਕੀਤੀ ਜਾਵੇਗੀ ਜਿਸ ਦੇ ਲਈ ਭਾਰਤ ਸਰਕਾਰ ਵੱਲੋਂ ਪੋਰਟਲ http://pmshrischools.education.gov.in/ ਤਿਆਰ ਕੀਤਾ ਗਿਆ ਹੈ ਜਿਸ ਤੇ ਮਿਤੀ 08-12-2024 ਤੱਕ apply ਕੀਤਾ ਜਾ ਸਕਦਾ ਹੈ।

3.0 ਇਸ ਸਕੀਮ ਲਈ ਜ਼ਿਲ੍ਹਾ ਪੱਧਰ ਤੇ ਨੋਡਲ ਅਫਸਰ ਜਿਲ੍ਹਾ ਸਿੱਖਿਆ ਅਫਸਰ (ਐ.ਸਿੱ.) ਨੂੰ ਲਗਾਇਆ ਜਾਂਦਾ ਹੈ।

4.0 ਜ਼ਿਲ੍ਹਾ ਪੱਧਰ ਤੇ ਇਸ ਮੰਤਵ ਲਈ ਜ਼ਿਲ੍ਹਾ ਐਮ.ਆਈ.ਐਸ. ਕੋਆਰਡੀਨੇਟਰ ਦੇ login id ਹਨ। ਜ਼ਿਲ੍ਹਾ ਐਮ.ਆਈ.ਐਸ. ਕੋਆਰਡੀਨੇਟਰ PM SHRI Portal ਤੇ login ਕਰਨ ਲਈ Portal ਤੇ ਦਿੱਤੇ ਲਿੰਕ ਤੇ ਆਪਣਾ ਮੋਬਾਇਲ ਨੰਬਰ ਦਰਜ਼ ਕਰਨਗੇ ਅਤੇ ਉਸ ਉਪਰੰਤ ਮੋਬਾਇਲ ਤੇ OTP ਪ੍ਰਾਪਤ ਹੋਣ ਤੇ login ਕਰਨਗੇ। ਜੇਕਰ ਕਿਸੇ ਜ਼ਿਲ੍ਹਾ ਐਮ.ਆਈ.ਐਸ. ਕੋਆਰਡੀਨੇਟਰ ਦਾ ਮੋਬਾਇਲ ਨੰਬਰ ਬਦਲ ਗਿਆ ਹੈ ਤਾਂ ਤੁਰੰਤ ਇਸ ਦਫਤਰ ਨਾਲ ਸੰਪਰਕ ਕਰਕੇ ਆਪਣਾ ਮੋਬਾਇਲ ਨੰਬਰ ਪੋਰਟਲ ਤੇ ਤਬਦੀਲ ਕਰਵਾਏ। login ਕਰਨ ਉਪਰੰਤ eligible ਸਕੂਲਾਂ ਨੂੰ

ਅਪਲਾਈ ਕਰਨ ਲਈ invite ਕੀਤਾ ਜਾਵੇਗਾ। ਜੋ ਸਕੂਲ ਇਸ ਸਕੀਮ ਤਹਿਤ ਨਿਰਧਾਰਿਤ benchmarks ਤਹਿਤ ਅਪਲਾਈ ਕਰ ਸਕਦੇ ਹਨ ਉਹ ਪੋਰਟਲ ਉਪਰ ਪਹਿਲਾਂ ਹੀ ਦਰਸਾਏ ਜਾ ਚੁੱਕੇ ਹਨ।

5.0 ਧਿਆਨ ਵਿੱਚ ਆਇਆ ਹੈ ਕਿ ਕਈ eligible ਸਕੂਲਾਂ ਦਾ ਮੁਕੰਮਲ ਡਾਟਾ PM SHRI School ਪੋਰਟਲ ਉੱਤੇ ਅਪਲੋਡ ਨਹੀਂ ਹੈ ਜਿਵੇਂ ਕਿ ਸਕੂਲ ਮੁਖੀ ਦਾ ਨਾਮ, contact No., e-mail id ਆਦਿ। ਇਸ ਕਾਰਨ ਅਜਿਹੇ ਸਕੂਲਾਂ ਨੂੰ invite ਨਹੀਂ ਕੀਤਾ ਜਾ ਸਕਦਾ। ਆਪ ਵੱਲੋਂ ਅਜਿਹੇ ਸਕੂਲਾਂ ਦਾ ਮੁਕੰਮਲ ਵੇਰਵਾ (contact No., e-mail id ਆਦਿ) ਤੁਰੰਤ PM SHRI School ਪੋਰਟਲ ਜਾਂ U-DISE+ ਪੋਰਟਲ ਉੱਤੇ ਭਰਿਆ ਜਾਵੇ ਅਤੇ ਸਕੂਲਾਂ ਨੂੰ ਅਪਲਾਈ ਕਰਨ ਲਈ invite ਕੀਤਾ ਜਾ ਸਕੇ।

6.0 ਆਪ ਵੱਲੋਂ ਲੋੜੀਂਦੀ ਕਾਰਵਾਈ http://pmshrischools.education.gov.in/ ਪੋਰਟਲ ਉੱਤੇ district login ਵਿੱਚ ਜਾ ਕੇ ਕੀਤੀ ਜਾਵੇਗੀ। ਇਸ ਦੇ ਲਈ ਵਧੇਰੇ ਜਾਣਕਾਰੀ ਹਿੱਤ ਆਪ ਵੱਲੋਂ ਸਕੀਮ ਲਈ ਭਾਰਤ ਸਰਕਾਰ ਵੱਲੋਂ ਤਿਆਰ ਕੀਤਾ ਗਿਆ User Manual (ਕਾਪੀ ਨੱਥੀ) ਵੇਖਿਆ ਜਾ ਸਕਦਾ ਹੈ।

7.0 ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ PM SHRI School ਪੋਰਟਲ ਅਨੁਸਾਰ ਜੋ ਸਕੂਲ eligible ਪਾਏ ਗਏ ਹਨ ਉਨ੍ਹਾਂ ਨੂੰ ਹਦਾਇਤ ਕੀਤੀ ਜਾਵੇ ਕਿ ਪੋਰਟਲ ਉੱਤੇ ਉਹ ਆਪਣੇ ਵੇਰਵੇ ਦਰਜ ਕਰਨ ਅਤੇ PM SHRI School ਲਈ ਅਪਲਾਈ ਕਰਨ। ਇਸ ਦੀ ਆਖਰੀ ਮਿਤੀ 08-12-2024 ਹੈ। ਜਿਨ੍ਹਾਂ ਸਕੂਲਾਂ ਵੱਲੋਂ ਅਪਲਾਈ ਕੀਤਾ ਜਾਵੇਗਾ ਉਨ੍ਹਾਂ ਦੀ ਸੂਚਨਾ ਇਸ ਦਫਤਰ ਨੂੰ ਭੇਜਣੀ ਯਕੀਨੀ ਬਣਾਈ ਜਾਵੇ।

ਡਿਪਟੀ ਸਟੇਟ ਪ੍ਰਾਜੈਕਟ ਡਾਇਰੈਕਟਰ
ਸਮੱਗਰ ਸਿੱਖਿਆ ਅਭਿਆਨ
ਪੰਜਾਬ

ਨਾਲ ਨੱਥੀ: List of Benchmark Schools

ਦਫਤਰ ਜਿਲ੍ਹਾ ਸਿੱਖਿਆ ਅਫਸਰ ਸੈ. ਸਿ. ਫਰੀਦਕੋਟ
ਪਿੰਡ ਅਤੇ ਸ਼ਹਿਰ ਨੂੰ ਈ-6/2024/2079 ਮਿਤੀ 25/11/2024
ਉਪਰੋਕਤ ਅਤੇ ਵਿਸ਼ੇ ਦੇ ਸਬੰਧ ਵਿਚ ਸਹਾਇਕ ਕਮਿਸ਼ਨਰ ਮੁਹਾਲੀ ਨੂੰ ਲਿਖਿਆ ਜਾਂਦਾ ਹੈ ਕਿ ਪਹਿਲ ਕਦਮੀ ਕਰਕੇ ਸਾਰੇ ਸਕੂਲਾਂ ਦੀ ਲਿਸਟ ਤਿਆਰ ਕਰਕੇ ਭੇਜੀ ਜਾਵੇ ਧੰਨਵਾਦ।

ਜਿਲ੍ਹਾ ਸਿੱਖਿਆ ਅਫਸਰ (ਸੈ. ਸਿ.)
ਫਰੀਦਕੋਟ
25/11/24